**ਗਰੇਟਰ ਮੋਹਾਲੀ ਏਰੀਆ ਡਿਵੈਲਪਮੈਂਟ ਅਥਾਰਟੀ, ਪੁੱਡਾ ਭਵਨ,**
ਸੈਕਟਰ-62, ਐਸ.ਏ.ਐਸ.ਨਗਰ
(ਤਾਲਮੇਲ ਸਾਖਾ)

ਨੰਬਰ -ਗਮਾਡਾ-ਤਾਲਮੇਲ ਸਾਖਾ-2013/ 14314-14320 ਮਿਤੀ: 10-06-2013

ਸੇਵਾ ਵਿਖੇ

1. ਮੁੱਖ ਸਕੱਤਰ, ਪੰਜਾਬ ਸਰਕਾਰ,
ਪੰਜਾਬ ਸਿਵਲ ਸਕੱਤਰੇਤ, ਚੰਡੀਗੜ੍ਹ।
2. ਪ੍ਰਮੁੱਖ ਸਕੱਤਰ/ਮੁੱਖ ਮੰਤਰੀ,ਪੰਜਾਬ,
ਪੰਜਾਬ ਸਿਵਲ ਸਕੱਤਰੇਤ, ਚੰਡੀਗੜ੍ਹ।
3. ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,
ਵਿੱਤ ਵਿਭਾਗ, ਪੰਜਾਬ,
ਪੰਜਾਬ ਸਿਵਲ ਸਕੱਤਰੇਤ, ਚੰਡੀਗੜ੍ਹ।
4. ਸਕੱਤਰ, ਪੰਜਾਬ ਸਰਕਾਰ,
ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ,
ਪੰਜਾਬ ਸਿਵਲ ਸਕੱਤਰੇਤ-2, ਚੰਡੀਗੜ੍ਹ।
5. ਸਕੱਤਰ, ਪੰਜਾਬ ਸਰਕਾਰ,
ਸਥਾਨਕ ਸਰਕਾਰ ਵਿਭਾਗ,
ਪੰਜਾਬ ਸਿਵਲ ਸਕੱਤਰੇਤ, ਚੰਡੀਗੜ੍ਹ।
6. ਮੁੱਖ ਪ੍ਰਸ਼ਾਸ਼ਕ,
ਗਰੇਟਰ ਮੁਹਾਲੀ ਏਰੀਆ ਵਿਕਾਸ ਅਥਾਰਟੀ,
ਐਸ.ਏ.ਐਸ.ਨਗਰ।
7. ਮੁੱਖ ਨਗਰ ਯੋਜਨਾਕਾਰ,ਪੰਜਾਬ,
ਐਸ.ਏ.ਐਸ.ਨਗਰ ।

ਵਿਸ਼ਾ: - **ਗਰੇਟਰ ਮੁਹਾਲੀ ਏਰੀਆ ਵਿਕਾਸ ਅਥਾਰਿਟੀ (ਗਮਾਡਾ) ਦੀ ਅਥਾਰਿਟੀ ਦੀ 15 ਵੀਂ ਮੀਟਿੰਗ ਦੀ ਕਾਰਵਾਈ ਭੇਜਣ ਬਾਰੇ ।**

*****

2. ਗਰੇਟਰ ਮੁਹਾਲੀ ਏਰੀਆ ਵਿਕਾਸ ਅਥਾਰਿਟੀ ( ਗਮਾਡਾ) ਦੀ 15ਵੀਂ ਮੀਟਿੰਗ ਜੋ ਮਿਤੀ 28-05-2013 ਨੂੰ ਮਾਨਯੋਗ ਮੁੱਖ ਮੰਤਰੀ-ਕਮ-ਚੇਅਰਮੈਨ ਗਰੇਟਰ ਮੁਹਾਲੀ ਏਰੀਆ ਵਿਕਾਸ ਅਥਾਰਿਟੀ (ਗਮਾਡਾ) ਜੀ ਦੀ ਪ੍ਰਧਾਨਗੀ ਹੇਠ ਹੋਈ ਸੀ, ਦੀ ਕਾਰਵਾਈ ਦੀ ਕਾਪੀ ਆਪ ਜੀ ਨੂੰ ਸੂਚਨਾਂ ਹਿੱਤ ਭੇਜੀ ਜਾਂਦੀ ਹੈ ਜੀ ।

ਨੱਥੀ/ਉਪਰੋਕਤ ਅਨੁਸਾਰ ।

ਸੁਪਰਡੰਟ(ਤਾਲਮੇਲ)
2/2 ਗਮਾਡਾ, ਐਸ.ਏ.ਐਸ.ਨਗਰ

ਚਲਦਾ ਪੰਨਾ

ਪਿੱਠ ਅੰਕਣ ਨੰਬਰ-ਗਮਾਡਾ-ਤਾਲਮੇਲ ਸਾਖਾ-2013/ 14321 ਮਿਤੀ: 10-6-13

ਉਪਰੋਕਤ ਦਾ ਉਤਾਰਾ ਸਮੇਤ ਅਥਾਰਟੀ ਦੀ 15ਵੀਂ ਮੀਟਿੰਗ ਦੀ ਕਾਰਵਾਈ ਦੀ ਕਾਪੀ ਵਿਸ਼ੇਸ਼ ਪ੍ਰਮੁੱਖ ਸਕੱਤਰ/ਮੁੱਖ ਮੰਤਰੀ, ਪੰਜਾਬ ਨੂੰ ਮਾਨਯੋਗ ਮੁੱਖ ਮੰਤਰੀ, ਪੰਜਾਬ ਜੀ ਦੀ ਸੂਚਨਾਂ ਲਈ ।

ਨੱਥੀ/ਉਪਰੋਕਤ ਅਨੁਸਾਰ ।

ਸੁਪਰਡੰਟ(ਤਾਲਮੇਲ)
ਗਮਾਡਾ, ਐਸ.ਏ.ਐਸ.ਨਗਰ

ਪਿੱਠ ਅੰਕਣ ਨੰਬਰ-ਗਮਾਡਾ-ਤਾਲਮੇਲ ਸਾਖਾ-2013/ 14322 ਮਿਤੀ: 10-6-13

ਉਪਰੋਕਤ ਦਾ ਉਤਾਰਾ ਸਮੇਤ ਅਥਾਰਟੀ ਦੀ 15ਵੀਂ ਮੀਟਿੰਗ ਦੀ ਕਾਰਵਾਈ ਦੀ ਕਾਪੀ ਪ੍ਰਮੁੱਖ ਸਕੱਤਰ/ਉਪ ਮੁੱਖ ਮੰਤਰੀ, ਪੰਜਾਬ ਨੂੰ ਮਾਨਯੋਗ ਉਪ ਮੁੱਖ ਮੰਤਰੀ, ਪੰਜਾਬ ਜੀ ਦੀ ਸੂਚਨਾਂ ਲਈ ।

ਨੱਥੀ/ਉਪਰੋਕਤ ਅਨੁਸਾਰ ।

ਸੁਪਰਡੰਟ(ਤਾਲਮੇਲ)
ਗਮਾਡਾ, ਐਸ.ਏ.ਐਸ.ਨਗਰ

ਪਿੱਠ ਅੰਕਣ ਨੰਬਰ-ਗਮਾਡਾ-ਤਾਲਮੇਲ ਸਾਖਾ-2013/ 14323 ਮਿਤੀ: 10-6-13

ਉਪਰੋਕਤ ਦਾ ਉਤਾਰਾ ਸਮੇਤ ਅਥਾਰਟੀ ਦੀ 15ਵੀਂ ਮੀਟਿੰਗ ਦੀ ਕਾਰਵਾਈ ਦੀ ਕਾਪ ਮੁੱਖ ਤਾਲਮੇਲ ਅਫਸਰ, ਨੋਡਲ ਦਫਤਰ ਦੀ ਸੂਚਨਾਂ ਲਈ ।

ਨੱਥੀ/ਉਪਰੋਕਤ ਅਨੁਸਾਰ ।

ਸੁਪਰਡੰਟ(ਤਾਲਮੇਲ)
ਗਮਾਡਾ, ਐਸ.ਏ.ਐਸ.ਨਗਰ

ਵਿਸ਼ਾ:- ਮਾਨਯੋਗ ਮੁੱਖ ਮੰਤਰੀ, ਪੰਜਾਬ ਜੀ ਦੀ ਪ੍ਰਧਾਨਗੀ ਹੇਠ ਮਿਤੀ 28.5.2013 ਨੂੰ ਬਾਅਦ ਦੁਪਹਿਰ 4.45 ਵਜੇ ਹੋਈ ਗਰੇਟਰ ਮੋਹਾਲੀ ਏਰੀਆ ਵਿਕਾਸ ਅਥਾਰਟੀ (ਗਮਾਡਾ) ਦੀ 15ਵੀਂ ਮੀਟਿੰਗ ਦੀ ਕਾਰਵਾਈ ਬਾਰੇ ।

ਉਪਰੋਕਤ ਵਿਸ਼ੇ ਸਬੰਧੀ ਮਾਨਯੋਗ ਮੁੱਖ ਮੰਤਰੀ ਪੰਜਾਬ ਜੀ ਦੀ ਪ੍ਰਧਾਨਗੀ ਹੇਠ ਮਿਤੀ 28.5.2013 ਨੂੰ ਗਮਾਡਾ ਅਥਾਰਿਟੀ ਦੀ 15ਵੀਂ ਮੀਟਿੰਗ ਹੋਈ ਜਿਸ ਵਿਚ ਹੇਠ ਲਿਖੇ ਮੈਂਬਰਾਂ ਨੇ ਭਾਗ ਲਿਆ :-

1) ਸ਼੍ਰੀ ਸੁਖਬੀਰ ਸਿੰਘ ਬਾਦਲ,
ਉਪ-ਮੁੱਖ ਮੰਤਰੀ-ਕਮ-ਮੰਤਰੀ ਇੰਚਾਰਜ,
ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ।

2) ਸ਼੍ਰੀ ਰਾਕੇਸ਼ ਸਿੰਘ, ਆਈ.ਏ.ਐਸ,
ਮੁੱਖ ਸਕੱਤਰ, ਪੰਜਾਬ ਸਰਕਾਰ, ਚੰਡੀਗੜ੍ਹ ।

3) ਸ਼੍ਰੀ ਐਸ.ਕੇ. ਸੰਧੂ, ਆਈ.ਏ.ਐਸ.,
ਪ੍ਰਮੁੱਖ ਸਕੱਤਰ/ਮੁੱਖ-ਮੰਤਰੀ, ਪੰਜਾਬ।

4) ਸ਼੍ਰੀ ਏ.ਵੇਨੂੰ ਪ੍ਰਸਾਦ, ਆਈ.ਏ.ਐਸ.,
ਸਕੱਤਰ, ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ,
ਪੰਜਾਬ, ਚੰਡੀਗੜ੍ਹ।

5) ਸ਼੍ਰੀ ਜਸਪਾਲ ਸਿੰਘ, ਆਈ.ਏ.ਐਸ.,
ਸਕੱਤਰ (ਖਰਚਾ),
ਪੰਜਾਬ, ਚੰਡੀਗੜ੍ਹ ।
(ਪ੍ਰਮੁੱਖ ਸਕੱਤਰ, ਵਿੱਤ ਦਾ ਨੁਮਾਇੰਦਾ)

6) ਸ਼੍ਰੀ ਏ.ਕੇ. ਸਿਨਹਾ, ਆਈ.ਏ.ਐਸ.,
ਮੁੱਖ ਪ੍ਰਸ਼ਾਸਕ, ਗਮਾਡਾ, ਐਸ.ਏ.ਐਸ.ਨਗਰ।

7) ਸ਼੍ਰੀ ਪ੍ਰਿਅੰਕ ਭਾਰਤੀ, ਆਈ.ਏ.ਐਸ.,
ਡਾਇਰੈਕਟਰ, ਸਥਾਨਕ ਸਰਕਾਰ ਵਿਭਾਗ,
ਪੰਜਾਬ, ਚੰਡੀਗੜ੍ਹ।
(ਪ੍ਰਮੁੱਖ ਸਕੱਤਰ, ਸਥਾਨਕ ਸਰਕਾਰ ਦਾ ਨੁਮਾਇੰਦਾ)।

8) ਸ਼੍ਰੀ ਹਰਨੇਕ ਸਿੰਘ,
ਮੁੱਖ ਨਗਰ ਯੋਜਨਾਕਾਰ, ਪੰਜਾਬ,
ਐਸ.ਏ.ਐਸ.ਨਗਰ।

ਉਪਰੋਕਤ ਤੋਂ ਇਲਾਵਾ ਹੇਠ ਲਿਖੇ ਅਧਿਕਾਰੀ ਮੀਟਿੰਗ ਵਿੱਚ ਸ਼ਾਮਲ ਹੋਏ:-

1) ਸ਼੍ਰੀ ਪੀ.ਐਸ. ~~ਓਜਲਾ~~ ਔਜਲਾ, ਆਈ.ਏ.ਐਸ.,
ਪ੍ਰਮੁੱਖ ਸਕੱਤਰ/ਉਪ-ਮੁੱਖ ਮੰਤਰੀ, ਪੰਜਾਬ।

2) ਸ਼੍ਰੀ ਮਨਜੀਤ ਸਿੰਘ ਬਰਾੜ, ਪੀ.ਸੀ.ਐਸ.,
ਵਧੀਕ ਮੁੱਖ ਪ੍ਰਸ਼ਾਸਕ, ਗਮਾਡਾ,
ਐਸ.ਏ.ਐਸ.ਨਗਰ।

ਅਜੰਡੇ ਦੀਆਂ ਮੱਦਾਂ ਨੂੰ ਲੜੀਵਾਰ ਵਿਚਾਰਿਆ ਗਿਆ ਅਤੇ ਵਿਚਾਰਨ ਉਪਰੰਤ ਹੇਠ ਲਿਖੇ ਅਨੁਸਾਰ ਫੈਸਲੇ ਲਏ ਗਏ:-

<u>ਮੱਦ ਨੰ: 15.01</u>

**ਗਰੇਟਰ ਮੁਹਾਲੀ ਏਰੀਆ ਵਿਕਾਸ ਅਥਾਰਿਟੀ ਦੀ 14ਵੀਂ ਮੀਟਿੰਗ ਜੋ ਮਿਤੀ 22-11-2012 ਨੂੰ ਹੋਈ ਸੀ ਦੀ ਕਾਰਵਾਈ ਦੀ ਪੁਸ਼ਟੀ ਕਰਨ ਬਾਰੇ।**

ਵਿਚਾਰ-ਵਟਾਂਦਰੇ ਉਪਰੰਤ ਸਰਵ-ਸੰਮਤੀ ਨਾਲ ਜਾਰੀ ਕੀਤੀ ਕਾਰਵਾਈ ਦੀ ਪੁਸ਼ਟੀ ਕੀਤੀ ਗਈ।

<u>ਮੱਦ ਨੰ: 15.02</u>

**ਗਮਾਡਾ ਅਥਾਰਿਟੀ ਦੀ ਮਤੀ 22-11-2012 ਨੂੰ ਹੋਈ 14ਵੀਂ ਮੀਟਿੰਗ ਵਿੱਚ ਲਏ ਗਏ ਫੈਸਲੇ ਅਨੁਸਾਰ ਕੀਤੀ ਗਈ ਕਾਰਵਾਈ।**

ਫੈਸਲਿਆਂ ਤੇ ਕੀਤੀ ਗਈ ਕਾਰਵਾਈ ਨੂੰ ਅਥਾਰਿਟੀ ਵੱਲੋਂ ਨੋਟ ਕੀਤਾ ਗਿਆ ਅਤੇ ਤਸੱਲੀ ਪ੍ਰਗਟਾਈ ਗਈ।

<u>ਮੱਦ ਨੰ: 15.03</u>

**ਪੰਜਾਬ ਰਾਜ ਵਿੱਚ ਕਰਤਾਰਪੁਰ ਵਿਖੇ ਜੰਗ-ਏ-ਸਮਾਰਕ ਦੀ ਸਥਾਪਨਾ ਲਈ ਗਮਾਡਾ ਵੱਲੋਂ ਦਿੱਤੀ ਗਈ 50 ਲੱਖ ਰੁਪਏ ਦੀ ਰਾਸ਼ੀ ਦੀ ਕਾਰਜ-ਬਾਅਦ ਪ੍ਰਵਾਨਗੀ ਬਾਰੇ।**

ਅਥਾਰਿਟੀ ਵੱਲੋਂ ਮੱਦ ਨੂੰ ਕਾਰਜ-ਬਾਅਦ ਪ੍ਰਵਾਨਗੀ ਦਿੱਤੀ ਗਈ।

ਮੱਦ ਨੰ: 15.04

Approval of Annual Statement for the year 31-03-2012.

ਅਥਾਰਿਟੀ ਵੱਲੋਂ ਮੱਦ ਪ੍ਰਵਾਨ ਕੀਤੀ ਗਈ।

ਮੱਦ ਨੰ: 15.05

ਸਾਲ 2012-13 ਦੇ ਸੋਧੇ ਹੋਏ ਬਜਟ ਅਤੇ ਸਾਲ 2013-14 ਦੇ ਅਨੁਮਾਨਿਤ ਬਜਟ।

ਅਥਾਰਿਟੀ ਵੱਲੋਂ ਮੱਦ ਪ੍ਰਵਾਨ ਕੀਤੀ ਗਈ।

ਮੱਦ ਨੰ: 15.06

ਸਾਲ 2009-10 ਅਤੇ 2010-11 ਦੀ ਸਾਲਾਨਾ ਪ੍ਰਸ਼ਾਸਕੀ ਰਿਪੋਰਟ ਸਬੰਧੀ।

ਅਥਾਰਿਟੀ ਵੱਲੋਂ ਵਿਚਾਰ-ਵਟਾਂਦਰੇ ਉਪਰੰਤ ਮੱਦ ਪ੍ਰਵਾਨ ਕਰਦੇ ਹੋਏ ਫੈਸਲਾ ਕੀਤਾ ਕਿ ਭਵਿੱਖ ਵਿੱਚ ਸਲਾਨਾ ਪ੍ਰਸ਼ਾਸਕੀ ਰਿਪੋਰਟ ਸਾਲ ਖਤਮ ਹੋਣ ਤੇ ਛੇ ਮਹੀਨੇ ਦੇ ਅੰਦਰ-ਅੰਦਰ ਪੇਸ਼ ਕੀਤੀ ਜਾਵੇ।

ਮੱਦ ਨੰ: 15.07

ਬਾਬਾ ਬੰਦਾ ਸਿੰਘ ਬਹਾਦਰ ਜੀ ਦੀ ਜੀਵਨੀ ਤੇ ਅਧਾਰਤ ਚੱਪੜਚਿੜੀ ਵਿਖੇ ਮਿਤੀ 28-10-12 ਨੂੰ ਕਰਵਾਏ ਗਏ ਨਾਟਕ ਤੇ ਹੋਏ ਖਰਚੇ ਦੀ ਕਾਰਜ-ਬਾਅਦ ਪ੍ਰਵਾਨਗੀ ਲੈਣ ਬਾਰੇ।

ਅਥਾਰਿਟੀ ਵੱਲੋਂ ਮੱਦ ਨੂੰ ਕਾਰਜ-ਬਾਅਦ ਪ੍ਰਵਾਨਗੀ ਦਿੱਤੀ ਗਈ।

ਮੱਦ ਨੰ: 15.08

ਸੈਕਟਰ-68 ਅਤੇ ਸੈਕਟਰ-70 ਐਸ.ਏ.ਐਸ.ਨਗਰ ਵਿਖੇ ਮੰਦਰ ਲਈ ਸਾਈਟਾਂ ਅਲਾਟ ਕਰਨ ਬਾਰੇ ।

ਅਥਾਰਿਟੀ ਵੱਲੋਂ ਮੱਦ ਵਿੱਚ ਦਰਸਾਈ ਸੈਕਟਰ-68 ਵਿੱਚ ਮੰਦਰ ਲਈ 1000 ਵਰਗ ਗਜ਼ ਭੋਂ ਦੀ ਅਲਾਟਮੈਂਟ ਸਬੰਧੀ ਤਜਵੀਜ਼ ਪ੍ਰਵਾਨ ਕੀਤੀ ਗਈ।

ਮੱਦ ਨੰ: 15.09

**ਮੈਡੀਸਿਟੀ ਲਈ ਪ੍ਰਾਪਤ ਕੀਤੀ ਗਈ ਭੌਂ ਪੀ.ਪੀ.ਪੀ. ਮੋਡ ਰਾਹੀਂ ਅਲਾਟ ਕਰਨ ਬਾਰੇ।**

ਅਥਾਰਿਟੀ ਵੱਲੋਂ ਮੱਦ ਤੇ ਵਿਚਾਰ ਕਰਦੇ ਹੋਏ ਮੈਡੀਸਿਟੀ ਫੇਜ਼-2 ਲਈ ਵੀ 160 ਏਕੜ ਭੌਂ ਪ੍ਰਾਪਤ ਕਰਨ ਸਬੰਧੀ ਧਾਰਾ-4 ਦੀ ਨੋਟੀਫਿਕੇਸ਼ਨ ਜਾਰੀ ਹੋਣ ਦੀ ਸੂਰਤ ਵਿੱਚ ਸਾਰੀ ਮੈਡੀਸਿਟੀ ਦੀ ਵਿਉਂਤਬੰਦੀ ਸੁਚਾਰੂ ਢੰਗ ਨਾਲ ਕਰਨ ਲਈ ਹੇਠ ਲਿਖੇ ਮੈਂਬਰਾਂ ਦੀ ਇੱਕ ਕਮੇਟੀ ਗਠਿਤ ਕੀਤੀ ਗਈ:-

| | | |
|---|---|---|
| 1. | ਡਾਕਟਰ ਕੇ.ਕੇ.ਤਲਵਾੜ,<br>ਸਾਬਕਾ ਡਾਇਰੈਕਟਰ, ਪੀ.ਜੀ.ਆਈ. | ਪ੍ਰਧਾਨ |
| 2. | ਪ੍ਰਮੁੱਖ ਸਕੱਤਰ,<br>ਸਿਹਤ ਅਤੇ ਪਰਿਵਾਰ ਭਲਾਈ ਵਿਭਾਗ, ਪੰਜਾਬ। | ਮੈਂਬਰ |
| 3. | ਪ੍ਰਬੰਧਕ ਨਿਰਦੇਸ਼ਕ,<br>ਪੰਜਾਬ ਬੁਨਿਆਦੀ ਢਾਂਚਾ ਅਤੇ ਵਿਕਾਸ ਬੋਰਡ | ਮੈਂਬਰ |
| 4. | ਸਕੱਤਰ,<br>ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ | ਮੈਂਬਰ |
| 5. | ਮੁੱਖ ਪ੍ਰਸ਼ਾਸਕ, ਗਮਾਡਾ | ਮੈਂਬਰ |

ਇਹ ਕਮੇਟੀ ਇੱਕ ਮਹੀਨੇ ਦੇ ਅੰਦਰ ਆਪਣੀ ਤਜਵੀਜ਼ ਮੁੱਖ ਸਕੱਤਰ, ਪੰਜਾਬ ਰਾਹੀਂ ਅਥਾਰਿਟੀ ਦੇ ਸਨਮੁੱਖ ਪੇਸ਼ ਕਰੇਗੀ।

ਮੱਦ ਨੰ: 15.10

**ਮੈਸ: ਹਮੀਰ ਰੀਅਲ ਐਸਟੇਟ ਪ੍ਰਾਈਵੇਟ ਲਿਮਟਿਡ ਵੱਲੋਂ ਪਿੰਡ ਬੱਲੋਮਾਜਰਾ ਤਹਿਸੀਲ ਅਤੇ ਜਿਲ੍ਹਾ ਅਜੀਤਗੜ੍ਹ ਵਿਖੇ ਕਮਰਸ਼ੀਅਲ ਮੈਗਾ ਪ੍ਰੋਜੈਕਟ ਸਬੰਧੀ ਵਾਧੂ ਜਮ੍ਹਾਂ ਕਰਵਾਈ ਗਈ ਈ.ਡੀ.ਸੀ. ਦੀ ਰਕਮ ਨੂੰ ਰਿਫੰਡ ਕਰਨ ਬਾਰੇ ।**

ਅਥਾਰਿਟੀ ਵੱਲੋਂ ਮੱਦ ਪ੍ਰਵਾਨ ਕੀਤੀ ਗਈ।

ਮੱਦ ਨੰ: 15.11

ਸਾਹਿਬਜ਼ਾਦਾ ਅਜੀਤ ਸਿੰਘ ਨਗਰ ਵਿਖੇ ਵੱਖ-ਵੱਖ ਸ਼੍ਰੇਣੀ ਦੇ ਪਲਾਟਾਂ ਦੀ ਅਧਾਰ ਕੀਮਤ ਨਿਰਧਾਰਤ ਕਰਨ ਬਾਰੇ।

ਅਥਾਰਿਟੀ ਵੱਲੋਂ ਮੱਦ ਪ੍ਰਵਾਨ ਕੀਤੀ ਗਈ ਅਤੇ ਨਾਲ ਹੀ ਅੱਗੇ ਤੋਂ ਅਜਿਹੇ ਨਵੇਂ ਰੇਟ ਨਿਰਧਾਰਤ ਕਰਨ ਦੇ ਅਧਿਕਾਰ ਉਪ-ਸਭਾਪਤੀ (ਸਕੱਤਰ, ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ਼ ਵਿਭਾਗ) ਨੂੰ ਦੇਣ ਦੇ ਹੁਕਮ ਕੀਤੇ ਗਏ।

ਮੱਦ ਨੰ: 15.12

ਮੁਹਾਲੀ ਦੇ ਸੈਕਟਰ-88 ਵਿਖੇ ਪੂਰਬ ਪ੍ਰੀਮੀਅਮ ਅਪਾਰਟਮੈਂਟ ਸਕੀਮ ਹੇਠ ਉਸਾਰੇ ਜਾਣ ਵਾਲੇ ਬਹੁ-ਮੰਜ਼ਲੇ ਅਪਾਰਟਮੈਂਟਾਂ ਦੀ ਉਸਾਰੀ ਲਈ ਮੰਗੇ ਟੈਂਡਰਾਂ ਸਬੰਧੀ।

ਅਜੰਡੇ ਵਿੱਚ ਦਰਸਾਏ ਤੱਥ ਅਥਾਰਿਟੀ ਵੱਲੋਂ ਨੋਟ ਕੀਤੇ ਗਏ।

ਮੱਦ ਨੰ: 15.13

ਦਸ਼ਮੇਸ਼ ਨਗਰ, ਆਨੰਦਪੁਰ ਸਾਹਿਬ ਸਕੀਮ ਦੇ ਬਿਨੈਕਾਰ ਜਿਨ੍ਹਾਂ ਵੱਲੋਂ ਨਿਰਧਾਰਤ ਮਿਤੀ ਉਪਰੰਤ ਦਸਤਾਵੇਜ ਜਮ੍ਹਾਂ ਕਰਵਾਏ ਗਏ ਹਨ, ਸਬੰਧੀ ।

ਅਥਾਰਿਟੀ ਵੱਲੋਂ ਮੱਦ ਪ੍ਰਵਾਨ ਕੀਤੀ ਗਈ।

ਮੱਦ ਨੰ: 15.14

ਈਕੋ-ਸਿਟੀ ਸਕੀਮ ਵਿੱਚ ਸਫਲ ਹੋਏ ਬਿਨੈਕਾਰਾਂ ਨੂੰ 30% ਰਕਮ ਪੂਰੀ ਕਰਨ ਲਈ ਸਕੀਮ ਦੀਆਂ ਸਰਤਾਂ ਅਨੁਸਾਰ 90 ਦਿਨਾਂ ਦਾ ਸਮਾਂ ਦੇਣ ਦੀ ਬਜਾਏ ਜਰਨਲ ਪਾਲਿਸੀ ਲਾਗੂ ਕਰਨ ਬਾਰੇ।

ਅਥਾਰਿਟੀ ਵੱਲੋਂ ਮੱਦ ਪ੍ਰਵਾਨ ਕੀਤੀ ਗਈ।

ਮੱਦ ਨੰ: 15.15

ਗਰੇਟਰ ਮੁਹਾਲੀ ਏਰੀਆ ਵਿਕਾਸ ਅਥਾਰਿਟੀ ਦੀ ਪਲੈਨਿੰਗ ਐਂਡ ਡਿਜ਼ਾਇਨ ਕਮੇਟੀ ਦੀ ਮਿਤੀ 19-3-2013 ਨੂੰ ਪੁੱਡਾ ਭਵਨ ਵਿਖੇ ਹੋਈ ਪੰਜਵੀਂ ਮੀਟਿੰਗ ਦੀ ਕਾਰਵਾਈ ਦੀ ਪੁਸ਼ਟੀ ਸਬੰਧੀ ।

ਅਥਾਰਿਟੀ ਵੱਲੋਂ ਸਰਵ-ਸੰਮਤੀ ਨਾਲ ਗਰੇਟਰ ਮੁਹਾਲੀ ਏਰੀਆ ਵਿਕਾਸ ਅਥਾਰਿਟੀ ਦੀ ਪਲੈਨਿੰਗ ਐਂਡ ਡਿਜ਼ਾਇਨ ਕਮੇਟੀ ਦੀ ਮਿਤੀ 19-3-2013 ਨੂੰ ਪੁੱਡਾ ਭਵਨ ਵਿਖੇ ਹੋਈ ਪੰਜਵੀਂ ਮੀਟਿੰਗ ਦੀ ਕਾਰਵਾਈ ਦੀ ਪੁਸ਼ਟੀ ਕੀਤੀ ਗਈ।

ਮੱਦ ਨੰ: 15.16

**ਸ਼ਹਿਰੀ ਮਿਲਖ, ਮੋਹਾਲੀ ਦੇ ਸੈਕਟਰ-70 ਵਿਖੇ ਮਲਟੀ ਸਟੋਰੀ ਹਾਊਸਿੰਗ ਕੰਪਲੈਕਸ, ਏਰੀਆ 4.60 ਏਕੜ ਦੀ ਮਿਤੀ 8-5-2013 ਨੂੰ ਕਰਵਾਈ ਗਈ ਬੋਲੀ ਸਬੰਧੀ।**

ਅਜੰਡੇ ਵਿੱਚ ਦਰਸਾਏ ਤੱਥ ਅਥਾਰਿਟੀ ਵੱਲੋਂ ਨੋਟ ਕੀਤੇ ਗਏ।

ਮੱਦ ਨੰ: 15.17

ਸਿਟੀ ਸੈਂਟਰ, ਸੈਕਟਰ-62 ਮੁਹਾਲੀ ਵਿਖੇ ਨੇਚਰ ਪਾਰਕ ਵਿੱਚ **Amphitheatre** ਦੀ ਉਸਾਰੀ ਦੇ ਕੰਮ ਦੀ ਪ੍ਰਵਾਨਗੀ ਬਾਰੇ।

ਅਥਾਰਿਟੀ ਵੱਲੋਂ ਮੱਦ ਪ੍ਰਵਾਨ ਕੀਤੀ ਗਈ।

ਮੱਦ ਨੰ: 15.18

ਬੱਸ ਟਰਮੀਨਲ-ਕਮ-ਕਮਰਸ਼ੀਅਲ ਕੰਪਲੈਕਸ ਦੀ ਉਸਾਰੀ ਦੀ ਤਾਜ਼ਾ ਸਥਿਤੀ ਬਾਰੇ।

ਅਥਾਰਿਟੀ ਵੱਲੋਂ ਵਿਚਾਰ-ਵਟਾਂਦਰੇ ਉਪਰੰਤ ਮੱਦ ਵਿੱਚ ਦਰਸਾਈ ਆਪਸ਼ਨ ਨੰ:2 ਸਰਬ-ਸੰਮਤੀ ਨਾਲ ਪ੍ਰਵਾਨ ਕੀਤੀ ਗਈ। ਅਥਾਰਿਟੀ ਨੇ ਇਹ ਵੀ ਕਿਹਾ ਕਿ ਇਸ ਪ੍ਰੋਜੈਕਟ ਦੀ ਨਿਗਰਾਨੀ ਗਹੁ ਨਾਲ (closely monitoring) ਕੀਤੀ ਜਾਵੇ।

ਮੱਦ ਨੰ: 15.19

ਸ਼ਹਿਰੀ ਮਿਲਖ, ਮੋਹਾਲੀ ਵਿਖੇ ਪੈਟਰੋਲ ਪੰਪ ਦੀਆਂ ਸਾਈਟਾਂ ਦੀ ਡਿਸਪੋਜ਼ਲ ਕਰਨ ਬਾਰੇ।

ਅਥਾਰਿਟੀ ਵੱਲੋਂ ਮੱਦ ਪ੍ਰਵਾਨ ਕੀਤੀ ਗਈ।

ਮੱਦ ਨੰ: 15.20

ਪੂਰਬ ਪ੍ਰੀਮੀਅਮ ਅਪਾਰਟਮੈਂਟ, ਸੈਕਟਰ-88, ਮੁਹਾਲੀ ਵਿਖੇ ਉਸਾਰੇ ਜਾਣ ਵਾਲੇ ਫਲੈਟਾਂ ਦੀ ਰਕਮ ਰਿਫੰਡ ਕਰਨ ਸਬੰਧੀ ਮੁੱਖ ਪ੍ਰਸ਼ਾਸ਼ਕ, ਗਮਾਡਾ ਦੀ ਪੱਧਰ ਤੇ ਲਏ ਗਏ ਫੈਸਿਲਆਂ ਦੀ ਕਾਰਜ-ਬਾਅਦ ਪ੍ਰਵਾਨਗੀ ਦੇਣ ਬਾਰੇ।

ਅਥਾਰਿਟੀ ਵੱਲੋਂ ਮੱਦ ਨੂੰ ਕਾਰਜ-ਬਾਅਦ ਪ੍ਰਵਾਨਗੀ ਦਿੱਤੀ ਗਈ।

ਮੱਦ ਨੰ: 15.21

ਸ਼ਹਿਰੀ ਮਿਲਖ ਮੋਹਾਲੀ ਵਿਖੇ ਵੱਖ-ਵੱਖ ਸੈਕਟਰਾਂ ਵਿੱਚ ਵੇਰਕਾ ਬੂਥਾਂ/ਸਾਈਟਾਂ ਦੀ ਅਲਾਟਮੈਂਟ ਸਬੰਧੀ।

ਅਥਾਰਿਟੀ ਵੱਲੋਂ ਮੱਦ ਪ੍ਰਵਾਨ ਕਰਦੇ ਹੋਏ ਫੈਸਲਾ ਕੀਤਾ ਕਿ ਇਨ੍ਹਾਂ ਸਾਈਟਾਂ ਦੀ ਅਲਾਟਮੈਂਟ 1000/- ਰੁਪਏ ਪ੍ਰਤੀ ਮਹੀਨਾ ਪ੍ਰਤੀ ਸਾਈਟ ਦੇ ਹਿਸਾਬ ਨਾਲ 33 ਸਾਲਾਂ ਦੀ ਲੀਜ਼ ਤੇ ਇਸ ਸ਼ਰਤ ਦੇ ਅਧਾਰ ਤੇ ਕੀਤੀ ਜਾਵੇ ਕਿ ਇਸ ਰਕਮ ਵਿੱਚ ਹਰ ਸਾਲ 10% ਵਾਧਾ ਕੀਤਾ ਜਾਵੇਗਾ। ਅਥਾਰਿਟੀ ਵੱਲੋਂ ਇਹ ਵੀ ਫੈਸਲਾ ਕੀਤਾ ਗਿਆ ਕਿ ਇਹਨਾਂ ਸਾਈਟਾਂ ਤੋਂ ਇਲਾਵਾ ਵੱਖ-ਵੱਖ ਪਾਰਕਾਂ ਵਿੱਚ ਇਸ ਤਰ੍ਹਾਂ ਦੀਆਂ ਹੋਰ ਸਾਈਟਾਂ ਵੀ ਲੱਭੀਆਂ ਜਾਣ ਤਾਂ ਜੋ ਲੋਕਾਂ ਨੂੰ ਵੱਧ ਤੋਂ ਵੱਧ ਸਹੂਲਤਾਂ ਮੁਹੱਈਆਂ ਕਰਵਾਈਆਂ ਜਾ ਸਕਣ।

ਮੱਦ ਨੰ: 15.22

ਮਾਸਟਰ ਪਲੈਨ, ਮੁੱਲਾਂਪੁਰ ਦੀ 200 ਫੁੱਟ ਚੌੜੀ **PR-4** ਸੜ੍ਹਕ ਉਪਰ ਪੈਂਦੇ ਪ੍ਰੋਜੈਕਟਾਂ ਤੇ **cess** ਲਗਾਉਣ ਸਬੰਧੀ ।

ਅਥਾਰਿਟੀ ਵੱਲੋਂ ਮੱਦ ਪ੍ਰਵਾਨ ਕੀਤੀ ਗਈ।

ਉਪਰੋਕਤ ਤੋਂ ਇਲਾਵਾ ਮਾਨਯੋਗ ਸਭਾਪਤੀ ਜੀ ਦੀ ਆਗਿਆ ਨਾਲ ਹੇਠ ਲਿਖੇ ਮੁੱਦੇ ਤੇ ਵਿਚਾਰ-ਵਟਾਂਦਰੇ ਉਪਰੰਤ ਫੈਸਲਾ ਕੀਤਾ ਗਿਆ:-

ਮਿਤੀ 28.05.2013 ਨੂੰ ਪੰਜਾਬ ਰਾਜ ਖੇਤਰੀ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਬੋਰਡ (PRTPD Board) ਦੀ ਮੀਟਿੰਗ ਵਿੱਚ ਮੁੱਲਾਂਪੁਰ (ਨਵਾਂ ਚੰਡੀਗੜ੍ਹ) ਦੇ ਮਾਸਟਰ ਪਲੈਨ ਦੀ ਸੋਧ ਸਬੰਧੀ ਕੀਤੇ ਗਏ ਫੈਸਲੇ ਅਨੁਸਾਰ ਤਕਰੀਬਨ 1700 ਏਕੜ ਵਿੱਚ ਐਜੂਕੇਸ਼ਨ ਸਿਟੀ

ਸਥਾਪਿਤ ਕਰਨ ਲਈ ਗਮਾਡਾ ਵੱਲੋਂ ਭੌਂ ਪ੍ਰਾਪਤ ਕਰਨ ਦੀ ਕਾਰਵਾਈ ਸ਼ੁਰੂ ਕੀਤੀ ਜਾਵੇ। ਇਸ ਤੋਂ ਇਲਾਵਾ ਐਜੂਕੇਸ਼ਨ ਸਿਟੀ ਦੀ ਸੁਚਾਰੂ ਢੰਗ ਨਾਲ ਯੋਜਨਾਬੰਦੀ ਕੀਤੀ ਜਾਵੇ ਜਿਸ ਲਈ ਮੁੱਖ ਸਕੱਤਰ ਨੂੰ ਇਸ ਸਬੰਧੀ ਇੱਕ ਉੱਚ-ਪੱਧਰੀ ਕਮੇਟੀ ਬਨਾਉਣ ਦੇ ਅਧਿਕਾਰ ਦਿੱਤੇ ਗਏ। ਕਮੇਟੀ ਵੱਲੋਂ ਦਿੱਤੀ ਜਾਣ ਵਾਲੀ ਤਜਵੀਜ਼ ਨੂੰ ਅਥਾਰਿਟੀ ਦੇ ਸਨਮੁੱਖ ਪੇਸ਼ ਕੀਤਾ ਜਾਵੇ।

ਮੀਟਿੰਗ ਧੰਨਵਾਦ ਦੇ ਮਤੇ ਸਹਿਤ ਸਮਾਪਤ ਹੋਈ।

ਮੁੱਖ ਮੰਤਰੀ,
ਪੰਜਾਬ।